# ਸ਼ੇਖ ਫ਼ਰੀਦ - ਸਬਦ ੧੩੧

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੪

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥

ਸਾਰ: ਸਰਬਵਿਆਪੀ ਤੱਤਸਾਰ ਹਰ ਵਸਤ ਵਿਚ ਵੱਸਦਾ ਹੈ, ਅਤੇ ਇਹ ਸਤਿ ਹਰ ਸਮਾਜਿਕ ਗੱਲਬਾਤ ਨੂੰ ਖ਼ੁਦ ਨਾਲ ਹੋਣ ਵਾਲੀ ਇਕ ਸੂਖਮ ਮੁਲਾਕਾਤ ਵਿਚ ਰੁਪਾਂਤ੍ਰਿਤ ਕਰ ਦਿੰਦਾ ਹੈ। ਹਰ ਵਾਰਤਾਲਾਪ ਇਕ ਸ਼ੀਸ਼ੇ ਵਾਂਗ ਕੰਮ ਕਰਦੀ ਹੈ, ਜਿਸ ਰਾਹੀਂ ਸਾਡਾ ਆਪਣਾ ਅਕਸ਼ ਪ੍ਰਗਟ ਹੁੰਦਾ ਹੈ। ਜਿਵੇਂ ਰੌਸ਼ਨੀ ਰੰਗਦਾਰ ਬਾਰੀ ਦੇ ਵੱਖ-ਵੱਖ ਰੰਗੀਨ ਸ਼ੀਸ਼ਿਆਂ ਭਾਗਾਂ ਵਿਚੋਂ ਗੁਜ਼ਰਦੀ ਹੋਈ ਅਲੱਗ ਦਿੱਸਦੀ ਹੈ, ਪਰ ਆਪਣੇ ਮੂਲ ਸਰੂਪ ਵਿਚ ਇਕੋ ਜਹੀ ਰਹਿੰਦੀ ਹੈ। ਅਸੀਂ ਹੋਰਾਂ ਨਾਲ ਕਿਹੋ ਜਿਹਾ ਵਰਤਾਅ ਕਰਦੇ ਹਾਂ, ਇਹ ਸਾਡੇ ਆਪਣੇ ਅੰਤਰੀਵੀ ਸ਼ੀਸ਼ੇ ਦੇ ਹਲਾਤ ਉਪਰ ਨਿਰਭਰ ਕਰਦਾ ਹੈ, ਕੀ ਸਾਡਾ ਅੰਤਰੀਵੀ ਕੱਚ ਰੌਸ਼ਨੀ ਨੂੰ ਸਾਫ਼ ਰੂਪ ਵਿਚ ਗੁਜ਼ਰਣ ਦਿੰਦਾ ਹੈ ਜਾਂ ਉਸ ਦਾ ਸਰੂਪ ਵਿਗਾੜ ਦਿੰਦਾ ਹੈ। ਸਾਡਾ ਹਰ ਤਰ੍ਹਾਂ ਦਾ ਵਤੀਰਾ ਭਾਵੇ ਉਹ ਸਤਿਕਾਰ, ਕਠੋਰਤਾ, ਕੋਮਲਤਾ, ਜਾਂ ਹੀਨਤਾ ਭਰਪੂਰ ਹੋਵੇ, ਸਾਡੇ ਹਰ ਉਸ ਰਿਸ਼ਤੇ ਦੀ ਅਜਮਾਇਸ਼ ਕਰਦਾ ਹੈ ਜਿਹੜਾ ਅਸੀਂ ਆਪਣੇ ਆਪ ਨਾਲ ਸਿਰਜਿਆ ਹੁੰਦਾ ਹੈ।

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਇਕ ਵੀ ਕਠੋਰ ਜਾਂ ਫਿੱਕਾ ਸ਼ਬਦ ਨਾ ਬੋਲੋ, ਕਿਉਂਕਿ ਸੱਚ ਇਹ ਹੈ ਕਿ ਸਰਵ ਵਿਆਪਕ ਦੀ ਹਾਜ਼ਰਤਾ ਸਾਰਿਆਂ ਵਿਚ ਪ੍ਰਬਲ ਹੈ। ਇਹ ਭਾਵ ਸਮਾਜਿਕ ਵਾਰਤਾਲਾਪ ਨੂੰ ਆਪਣੇ ਆਪ ਨਾਲ ਹੋਣ ਵਾਲੇ ਵਿਚਾਰ ਵਿਟਾਂਦਰੇ ਵਜੋਂ ਮੁੜ ਪਰਭਾਸ਼ਿਤ ਕਰਦਾ ਹੈ; ਅਸੀਂ ਦੂਜਿਆਂ ਨਾਲ ਕਿਵੇਂ ਪੇਸ਼ ਆਉਂਦੇ ਹਾਂ ਇਹ ਸਾਡੀ ਖੁਦ ਦੀ ਸੋਚ ਨੂੰ ਪ੍ਰਗਟ ਕਰਦਾ ਹੈ।

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥
ਕਦੇ ਵੀ ਕਿਸੇ ਦਾ ਦਿਲ ਨਾ ਤੋੜੋ, ਕਿਉਂਕਿ ਹਰ ਜੀਵ ਇਕ ਦੁਰਲੱਭ ਰਤਨ ਦੀ ਤਰ੍ਹਾਂ ਹੈ। ਇਹ ਭਾਵ ਸਮੁਚੀ ਹੋਂਦ ਦੇ ਅੰਤਰੀਵੀ ਮੁੱਲ 'ਤੇ ਜ਼ੋਰ ਦਿੰਦਾ ਹੈ; ਹਰ ਹਿੱਸਾ ਸਾਡੀ ਸਾਂਝੀ ਹਕੀਕਤ ਦਾ ਸਰੂਪ ਹੈ ਜੋ ਸਾਡੇ ਵਿਲੱਖਣ ਦ੍ਰਿਸ਼ਟੀਕੋਣ ਸਿਰਜਨ ਵਿਚ ਯੋਗਦਾਨ ਪਾਉਂਦਾ ਹੈ। (੧੨੯)

ਤੱਤ: ਸ਼ੇਖ ਫ਼ਰੀਦ ਦਰਸਾਉਂਦੇ ਹਨ ਕਿ ਸਮੁਚੀ ਹੋਂਦ ਦੀ ਇਕ ਮੂਲ ਅੰਤਰੀਵੀ ਕੀਮਤ ਹੁੰਦੀ ਹੈ, ਜੋ ਕਿਸੇ ਤੁਲਨਾ ਕਰਕੇ ਨਿਰਧਾਰਿਤ ਨਹੀਂ ਕੀਤੀ ਜਾਂਦੀ, ਬਲਕਿ ਇਸ ਕਰਕੇ ਨਿਰਧਾਰਿਤ ਹੁੰਦੀ ਹੈ ਸਮੂਹਿਕ ਰਚਨਾ ਵਿਚ ਹੋਂਦ ਦਾ ਹਰ ਪਸਾਰਾ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਹਰ ਹਿੱਸਾ ਇਕ ਵਿਲੱਖਣ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ, ਜੋ ਸਾਡੀ ਸਾਂਝੀ ਹਕੀਕਤ ਨੂੰ ਅਸਲ ਅਮੀਰੀਅਤ ਨਾਲ ਭਰਪੂਰ ਬਣਾਉਂਦਾ ਹੈ। ਵੱਡੀ ਤਸਵੀਰ ਦੇ ਸੰਦਰਭ ਵਿਚ ਕੁਝ ਵੀ ਮਹੱਤਵਹੀਨ ਨਹੀਂ ਹੁੰਦਾ। ਜੋ ਛੋਟਾ ਜਾਂ ਗੌਣ ਦਿੱਸਦਾ ਹੈ, ਉਹ ਵੀ ਸਮੂਹਿਕ ਸੁਰਤਾਲ ਸਿਰਜਣ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਂਦਾ ਹੈ। ਇਸ ਲਈ, ਅਰਥ ਦਰਜਾਬੰਦੀ ਤੋਂ ਨਹੀਂ, ਸਗੋਂ ਇਸ ਤੱਥ ਤੋਂ ਉੱਭਰਦਾ ਹੈ ਕਿ ਹਰ ਤੱਤ ਸ੍ਰਿਸ਼ਟੀ ਦੀ ਏਕਤਾ ਵਿਚ ਆਪਣਾ ਵਿਲੱਖਣ ਯੋਗਦਾਨ ਕਿਵੇਂ ਪਾਉਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**